ਡਿਜੀਟਲ ਦੋਮਾਹੀ ਪੱਤਰ ਅੰਕ: 2, ਨੰ: 3 (ਮਈ-ਜੂਨ, 2022)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE' Vol. 2 No. 3 ( May- June 2022)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਜਲਵਾਯੂ ਪਰਿਵਰਤਨ ਦੀ ਚੁਣੌਤੀ

ਇਸ ਸਾਲ ਗਰਮੀਆਂ ਦੀ ਸ਼ੁਰੂਆਤ ਆਮ ਨਾਲੋਂ ਅਗੇਤੀ ਹੋਈ ਹੈ। ਵਿਸ਼ਵ ਪੱਧਰ 'ਤੇ ਕਈ ਵਿਗਿਆਨੀ ਮੌਸਮ ਅਤੇ ਵਾਤਾਵਰਨ ਵਿੱਚ ਆ ਰਹੇ ਬਦਲਾਵਾਂ ਤੋਂ ਫ਼ਿਕਰਮੰਦ ਹਨ। ਵਿਗਿਆਨੀਆਂ ਦਾ ਕਹਿਣਾ ਹੈ ਕਿ ਸਾਡਾ ਜਲਵਾਯੂ ਲਗਾਤਾਰ ਗਰਮ ਹੋ ਰਿਹਾ ਹੈ ਜਿਸ ਕਰਕੇ ਆਉਣ ਵਾਲੇ ਸਮੇਂ ਵਿੱਚ ਸਾਡੇ ਜਲ ਸੋਮੇ ਸੁੱਕ ਸਕਦੇ ਹਨ, ਫ਼ਸਲਾਂ ਦੇ ਝਾੜ ਘਟ ਸਕਦੇ ਹਨ, ਜੰਗਲ ਨਸ਼ਟ ਹੋ ਸਕਦੇ ਹਨ, ਪਸ਼ੂ ਪੰਛੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਸਕਦੇ ਹਨ, ਅਤੇ ਸਾਡੀ ਹੋਂਦ ਸੰਕਟ ਵਿੱਚ ਆ ਸਕਦੀ ਹੈ। ਅੱਜ ਲੋੜ ਹੈ ਕਿ ਸਮੁੱਚੀ ਮਨੁੱਖਤਾ ਇਸ ਸੰਕਟ ਦੀ ਗਹਿਰਾਈ ਨੂੰ ਸਮਝੇ ਅਤੇ ਇਸ ਨੂੰ ਵਾਪਿਸ ਮੋੜਨ ਲਈ ਉੱਦਮ ਕਰੇ।

ਜਲਵਾਯੂ ਤਬਦੀਲੀ ਦੇ ਨਾਲ ਪੰਜਾਬ ਅੱਜ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਵਾਤਾਵਰਨ ਦੀ ਸੰਭਾਲ ਲਈ ਸਾਨੂੰ ਆਪਣੀ ਖੇਤੀਬਾੜੀ ਅਤੇ ਪਸ਼ੂ ਪਾਲਣ ਦੇ ਤਰੀਕਿਆਂ ਵਿੱਚ ਵੀ ਵੱਡੇ ਬਦਲਾਅ ਕਰਨੇ ਪੈਣਗੇ। ਝੋਨੇ ਦੀ ਫ਼ਸਲ, ਸਨਅਤੀ ਪ੍ਰਦੂਸ਼ਣ ਅਤੇ ਸ਼ਹਿਰਾਂ ਵਿੱਚ ਪਾਣੀ ਦੀ ਬੇਲੋੜੀ ਵਰਤੋਂ ਪੰਜਾਬ ਵਿੱਚ ਪਾਣੀ ਦੇ ਸੰਕਟ ਦੇ ਵੱਡੇ ਕਾਰਨ ਹਨ। ਖੇਤੀਬਾੜੀ ਵਿਗਿਆਨੀ ਜਿੱਥੇ ਪਾਣੀ ਬਚਾਉਣ ਲਈ ਝੋਨੇ ਦੀ ਸਿੱਧੀ ਬਿਜਾਈ 'ਤੇ ਜ਼ੋਰ ਦੇ ਰਹੇ ਹਨ, ਉੱਥੇ ਸਰਕਾਰ ਨੂੰ ਹੋਰ ਖੇਤਰਾਂ ਵਿੱਚ ਵੀ ਪਾਣੀ ਦੀ ਸੰਭਾਲ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਅਗੇਤੀ ਗਰਮੀ ਕਾਰਨ ਕਣਕ ਦੇ ਝਾੜ 'ਤੇ ਮਾੜਾ ਅਸਰ ਪਿਆ ਹੈ। ਇਸ ਸਾਲ ਕੂਲਰਾਂ ਅਤੇ ਏ ਸੀ ਦੀ ਵਰਤੋਂ ਵੀ ਆਮ ਨਾਲੋਂ ਜਲਦੀ ਸ਼ੁਰੂ ਹੋਈ ਹੈ। ਮੌਸਮ ਵਿੱਚ ਇਸ ਤਬਦੀਲੀ ਕਾਰਨ ਪਸ਼ੂਆਂ ਦੀ ਸਿਹਤ 'ਤੇ ਵੀ ਅਸਰ ਪੈ ਸਕਦਾ ਹੈ। ਪਸ਼ੂ ਪਾਲਕਾਂ ਨੂੰ ਪਸ਼ੂ ਪਰਜੀਵੀਆਂ ਤੋਂ ਖਾਸ ਤੌਰ 'ਤੇ ਸੁਚੇਤ ਰਹਿਣ ਦੀ ਲੋੜ ਹੈ। ਅਣਕਿਆਸੀ ਮੌਸਮੀ ਤਬਦੀਲੀ ਕਾਰਨ ਪਰਜੀਵੀਆਂ/ਰੋਗਾਣੂਆਂ ਦਾ ਹਮਲਾ ਵੇਖਣ ਨੂੰ ਮਿਲ ਸਕਦਾ ਹੈ ਜਿਸ ਨਾਲ ਪਸ਼ੂ ਬੁਖਾਰ, ਖੂਨ ਦੀ ਕਮੀ ਜਿਹੀਆਂ ਸਮੱਸਿਆਵਾਂ ਤੋਂ ਗ੍ਰਸਤ ਹੋ ਸਕਦੇ ਹਨ। ਇਸ ਲਈ ਪਸ਼ੂਆਂ ਦੇ ਅਰਾਮ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਕਿ ਗਰਮੀ ਦੇ ਦਬਾਅ ਨੂੰ ਘਟਾ ਕੇ ਪਸ਼ੂਆਂ ਦੀ ਸਿਹਤ ਅਤੇ ਪੈਦਾਵਾਰ ਨੂੰ ਬਰਕਰਾਰ ਰੱਖਿਆ ਜਾ ਸਕੇ। (ਸੰਪਾਦਕ)

## ਕੇ ਵੀ ਕੇ ਤਰਨਤਾਰਨ ਵੱਲੋਂ ਪਹਿਲਾ 'ਖੇਤੀਬਾੜੀ ਅਤੇ ਪਸ਼ੂ ਪਾਲਣ ਮੇਲਾ'

ਕ੍ਰਿਸ਼ੀ ਵਿਗਿਆਨ ਕੇਂਦਰ, ਬੂਹ (ਤਰਨਤਾਰਨ) ਵੱਲੋਂ 6 ਅਪ੍ਰੈਲ ਨੂੰ ਪਹਿਲਾ 'ਖੇਤੀਬਾੜੀ ਅਤੇ ਪਸ਼ੂ ਪਾਲਣ ਮੇਲਾ' ਲਗਾਇਆ ਗਿਆ। ਕੇ ਵੀ ਕੇ ਵੱਲੋਂ ਮੇਲੇ ਰਾਹੀਂ ਖੇਤੀਬਾੜੀ ਅਤੁ ਪਸ਼ੂ ਪਾਲਣ ਵਿੱਚ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਗਈ। ਸ. ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ (ਆਵਾਜਾਈ ਅਤੇ ਪ੍ਰਹੁਣਾਚਾਰੀ), ਪੰਜਾਬ, ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਨੇ ਸੂਬੇ ਦੇ ਕਿਸਾਨਾਂ ਨੂੰ ਵਧੇਰੇ ਮੁਨਾਫ਼ਾ ਕਮਾਉਣ ਲਈ ਸੰਗਠਿਤ ਖੇਤੀ ਪ੍ਰਣਾਲੀ ਅਪਨਾਉਣ ਦਾ ਸੱਦਾ ਦਿੱਤਾ। ਮੇਲੇ ਵਿੱਚ ਯੂਨੀਵਰਸਿਟੀ ਵੱਲੋਂ ਨਿਰਦੇਸ਼ਕ ਪਸਾਰ ਸਿੱਖਿਆ ਡਾ. ਪਰਕਾਸ਼ ਸਿੰਘ ਬਰਾੜ ਅਤੇ ਨਿਰਦੇਸ਼ਕ ਖੋਜ, ਡਾ. ਜਤਿੰਦਰਪਾਲ ਸਿੰਘ ਗਿੱਲ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਮੇਲੇ ਵਿੱਚ 4000 ਤੋਂ ਵੱਧ ਕਿਸਾਨ, ਬੀਬੀਆਂ ਅਤੇ ਨੌਜਵਾਨਾਂ ਨੇ ਪਸ਼ੂ ਪਾਲਣ ਅਤੇ ਖੇਤੀਬਾੜੀ ਬਾਰੇ ਜਾਣਕਾਰੀ ਲਈ। ਮੇਲੇ ਵਿੱਚ ਉਦਯੋਗਿਕ ਪ੍ਰਦਰਸ਼ਨੀ ਵੀ ਲਗਾਈ ਗਈ।





## ਯੂਨੀਵਰਸਿਟੀ ਦੇ ਹਸਪਤਾਲ ਵਿਖੇ ਡਾਇਲਸਿਸ ਇਕਾਈ ਦਾ ਵਿਸਥਾਰ

ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਬਹੁ ਵਿਸ਼ੇਸ਼ਤਾ ਵੈਟਨਰੀ ਹਸਪਤਾਲ ਵਿੱਚ ਕੁੱਤਿਆਂ ਲਈ ਡਾਇਲਸਿਸ ਇਕਾਈ ਨੂੰ ਹਰ ਮਜ਼ਬੂਤ ਕਰਨ ਲਈ ਇਸ ਦਾ ਵਿਸਥਾਰ ਕੀਤਾ ਗਿਆ ਹੈ। ਡਾ. ਤਰੁਣ ਸ਼੍ਰੀਧਰ, ਸਾਬਕਾ ਸਕੱਤਰ ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਵਿਭਾਗ, ਭਾਰਤ ਸਰਕਾਰ ਨੇ ਇਕਾਈ ਦਾ ਉਦਘਾਟਨ ਕੀਤਾ। ਪਸ਼ੂ ਹਸਪਤਾਲ ਵਿੱਚ ਇਸ ਡਾਇਲਸਿਸ ਇਕਾਈ ਨੂੰ ਨਵੀਨਤਮ ਤਕਨੀਕੀ ਉਪਕਰਨਾਂ ਨਾਲ ਲੈਸ ਕੀਤਾ ਗਿਆ ਹੈ ਜਿਸ ਨਾਲ ਇੱਥੇ ਜਾਨਵਰਾਂ ਦੇ ਗੁਰਦਿਆਂ ਦੇ ਇਲਾਜ ਲਈ ਵਿਸ਼ਵ ਪੱਧਰ ਦੀਆਂ ਸੇਵਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਡਾਇਲਸਿਸ ਰਾਹੀਂ ਕਈ ਜਾਨਵਰਾਂ ਦੇ ਜੀਵਨ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ।





## ਲਵੇਰੀਆਂ ਵਿਚ ਵੈਕਸੀਨ ਲਗਵਾਉਣ ਸਮੇਂ ਸਾਵਧਾਨੀਆਂ

1. ਵੈਕਸੀਨ ਹਮੇਸ਼ਾਂ ਤੰਦਰੁਸਤ ਪਸ਼ੂਆਂ ਨੂੰ ਹੀ ਲਗਵਾਓ।

2. ਵੈਕਸੀਨ ਲਗਵਾਉਣ ਤੋਂ ਪਹਿਲਾਂ ਪਸ਼ੂਆਂ ਨੂੰ ਮਲ੍ਹੱਪ ਰਹਿਤ ਕਰੋ। ਅਜਿਹਾ ਕਰਨ ਨਾਲ ਵੈਕਸੀਨ ਦਾ ਅਸਰ ਵੱਧ ਜਾਂਦਾ ਹੈ।

3. ਵੈਕਸੀਨ ਨੂੰ ਹਰ ਸਮੇਂ ਫਰਿਜ ਜਾਂ ਬਰਫ ਦੇ ਤਾਪਮਾਨ ਉੱਪਰ ਹੀ ਰੱਖਣਾ ਚਾਹੀਦਾ ਹੈ। ਤਾਪਮਾਨ 10 ਡਿਗਰੀ ਸੈਲਸੀਅਸ ਤੋਂ ਵੱਧ ਹੋਣ ਸਮੇਂ ਵੈਕਸੀਨ ਦੇ ਟੀਕੇ ਅਕਸਰ ਖਰਾਬ ਹੋ ਜਾਂਦੇ ਹਨ।

4. ਵੈਕਸੀਨ ਦੁਆਰਾ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਪੈਦਾ ਕਰਨ ਦਾ ਅਸਰ ਸਮੇਂ ਨਾਲ ਘੱਟਦਾ ਜਾਂਦਾ ਹੈ। ਇਸ ਲਈ ਵੈਕਸੀਨ ਜਿੰਨੀ ਤਾਜੀ ਬਣੀ ਹੋਵੇਗੀ ਓਨਾ ਹੀ ਅਸਰ ਜਿਆਦਾ ਆਵੇਗਾ।

5. ਹਰੇਕ ਵੈਕਸੀਨ ਇੱਕ ਖਾਸ ਮਾਤਰਾ ਵਿਚ ਹੀ ਲਗਾਉਣੀ ਹੁੰਦੀ ਹੈ। ਗਲਤ ਮਾਤਰਾ ਲਗਾਉਣ ਨਾਲ ਨੁਕਸਾਨ ਹੋ ਸਕਦਾ ਹੈ।

6. ਹਰੇਕ ਵੈਕਸੀਨ ਪਸ਼ੂ ਦੇ ਸ਼ਰੀਰ ਅੰਦਰ ਇੱਕ ਖਾਸ ਤਰੀਕੇ ਨਾਲ ਲਗਾਈ ਜਾਂਦੀ ਹੈ। ਗਲਤ ਤਰੀਕਾ ਅਪਨਾਉਣ ਸਮੇਂ ਵੈਕਸੀਨ ਦੇ ਮਾੜੇ ਅਸਰ ਸਾਹਮਣੇ ਆ ਸਕਦੇ ਹਨ।

7. ਵੈਕਸੀਨ ਲਗਾਉਣ ਲਈ ਸੂਈ-ਸਰਿੰਜ ਹਮੇਸ਼ਾ ਨਵੀਂ ਵਰਤਣੀ ਚਾਹੀਦੀ ਹੈ।

8. ਮੂੰਹ-ਖੁਰ ਬਿਮਾਰੀ ਦੇ ਬਚਾਅ ਲਈ ਵੈਕਸੀਨ ਦੀ ਪਹਿਲੀ ਖੁਰਾਕ ਚਾਰ ਮਹੀਨੇ ਦੀ ਉਮਰ ’ਤੇ ਲਗਵਾਉਣੀ ਚਾਹੀਦੀ ਹੈ।ਇਸ ਖੁਰਾਕ ਤੋਂ ਚੌਥੇ ਹਫਤੇ ਵਿਚ ਇੱਕ ਬੂਸਟਰ ਖੁਰਾਕ ਦੇਣੀ ਵੀ ਜ਼ਰੂਰੀ ਹੁੰਦੀ ਹੈ। ਇਸ ਤੋਂ ਬਾਅਦ ਉਸ ਖਾਸ ਵੈਕਸੀਨ ਦੇ ਨਿਰਮਾਤਾ ਦੁਆਰਾ ਨਿਰਧਾਰਤ ਹਦਾਇਤਾਂ ਮੁਤਾਬਕ ਖੁਰਾਕ ਲਗਵਾਉਣੀ ਚਾਹੀਦੀ ਹੈ।

9. ਗਲ-ਘੋਟੂ ਅਤੇ ਪੱਟ-ਸੋਜ ਬਿਮਾਰੀਆਂ ਦੇ ਬਚਾਅ ਲਈ ਪਹਿਲੀ ਖੁਰਾਕ ਛੇ ਮਹੀਨੇ ਦੀ ਉਮਰ ਤੇ ਲਗਾਈ ਜਾਂਦੀ ਹੈ। ਅਗਲੀ ਖੁਰਾਕ ਇੱਕ ਸਾਲ ਬਾਅਦ ਲਗਵਾਉਣੀ ਚਾਹੀਦੀ ਹੈ। ਕੋਸ਼ਿਸ਼ ਇਹੀ ਹੋਣੀ ਚਾਹੀਦੀ ਹੈ ਕਿ ਸਾਲਾਨਾ ਵੈਕਸੀਨ ਬਰਸਾਤਾਂ ਤੋਂ ਪਹਿਲਾਂ ਲੱਗੇ।

10. ਵਲਾਇਤੀ ਵੱਛੀਆਂ ਨੂੰ ਥਿਲੇਰੀਓਸਿਸ ਬਿਮਾਰੀ ਤੋਂ ਬਚਾਉਣ ਲਈ ਵੀ ਵੈਕਸੀਨ ਲਗਵਾਈ ਜਾ ਸਕਦੀ ਹੈ।

11. ਜਿਹੜੇ ਵੱਗਾਂ ਵਿਚ ਤੂਅ ਜਾਣ ਦੀ ਸਮੱਸਿਆ ਹੋਵੇ, ਉੱਥੇ ਚਾਰ ਤੋਂ ਅੱਠ ਮਹੀਨੇ ਦੀਆਂ ਵੱਛੀਆਂ ਅਤੇ ਕੱਟੀਆਂ ਦੇ ਬਰੂਸੀਲੋਸਿਸ ਦੀ ਵੈਕਸੀਨ ਵਾਲਾ ਟੀਕਾ ਲਗਵਾ ਲੈਣਾ ਚਾਹੀਦਾ ਹੈ।

12. ਬਰੂਸੀਲੋਸਿਸ ਦੀ ਵੈਕਸੀਨ ਕੱਟਿਆਂ ਅਤੇ ਵੱਛਿਆਂ ਨੂੰ ਭੁੱਲ ਕੇ ਵੀ ਨਹੀਂ ਲਗਵਾਉਣੀ ਚਾਹੀਦੀ।

13. ਬਰੂਸੀਲੋਸਿਸ ਦੀ ਵੈਕਸੀਨ ਲਗਵਾਉਣ ਵੇਲੇ ਹਰ ਸਾਵਧਾਨੀ ਵਰਤਣੀ ਜ਼ਰੂਰੀ ਹੈ। ਅਣਗਹਿਲੀ ਵਰਤਣ ਵੇਲੇ ਇਹੀ ਬਿਮਾਰੀ ਮਨੁੱਖਾਂ ਨੂੰ ਹੋ ਸਕਦੀ ਹੈ।

(ਡਾ. ਰਾਕੇਸ਼ ਕੁਮਾਰ ਸ਼ਰਮਾ)

## ਜੱਟਾ ਖਿੱਚ ਤਿਆਰੀ

**ਅਪ੍ਰੈਲ 2022 ਵਿੱਚ ਮੁਲਕ ਦੇ ਪੂਰਬੀ ਸੂਬਿਆਂ ਵਿੱਚ ਸੂਰਾਂ ਵਿੱਚ ਅਫ਼ਰੀਕਨ ਸਵਾਈਨ ਫ਼ੀਵਰ ਫ਼ੈਲਣ ਦੀਆਂ ਖਬਰਾਂ ਆ ਰਹੀਆਂ ਹਨ। ਇਸ ਸਬੰਧੀ ਸੂਰ ਪਾਲਕਾਂ ਨੂੰ ਜਾਨਵਰਾਂ ਦੀ ਸਿਹਤ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਫ਼ਾਰਮ ਦੀ ਬਾਇਓਸਿਕਿਉਰਿਟੀ ਨੂੰ ਮਜ਼ਬੂਤ ਰੱਖੋ। ਫ਼ਾਰਮ ‘ਤੇ ਬੇਲੋੜੀ ਆਵਾਜਾਈ ‘ਤੇ ਪਬੰਦੀ ਲਗਾਉ ਅਤੇ ਮਹਿਮਾਨਾਂ/ ਕਾਮਿਆਂ ਨੂੰ ਫ਼ਾਰਮ ‘ਤੇ ਜਾਣ ਤੋਂ ਪਹਿਲਾਂ ਸਾਫ਼ ਕੱਪੜੇ ਅਤੇ ਬੂਟ ਪਹਿਨਾਉ। ਗੇਟ ‘ਤੇ ਕਲੀ ਵਿਛਾ ਕੇ ਰੱਖੋ।**

## ਵਾਧੂ ਆਮਦਨੀ ਲਈ ਰਿਵਾਇਤੀ ਖੇਤੀਬਾੜੀ (ਕਣਕ-ਝੋਨਾ) ਦੀ ਮੱਛੀ ਪਾਲਣ ਰਾਹੀਂ ਵਿਭਿੰਨਤਾ (5 ਏਕੜ ਲਈ ਉਦਹਾਰਣ)

| ਵਿਭਿੰਨਤਾ ਦਰ | ਖੇਤੀ ਵੇਰਵਾ | ਸ਼ੁੱਧ ਮੁਨਾਫਾ (ਰੁਪਏ) | ਮੁਨਾਫੇ ਵਿੱਚ ਵਾਧਾ |
|---|---|---|---|
| ਕਾਰਪ ਮੱਛੀ ਪਾਲਣ ਨਾਲ ਵਿਭਿੰਨਤਾ | | | |
| 0% | ਕਣਕ- ਝੋਨਾ – 5 ਏਕੜ | 2,75,000/- | - |
| 20% | ਕਣਕ- ਝੋਨਾ – 4 ਏਕੜ<br>ਕਾਰਪ ਮੱਛੀ – 1 ਏਕੜ | 3,45,000/- | 25 % |
| 50% | ਕਣਕ- ਝੋਨਾ – 2.5 ਏਕੜ<br>ਕਾਰਪ ਮੱਛੀ – 2.5 ਏਕੜ | 4,50,000/- | 63% |
| 100% | ਕਾਰਪ ਮੱਛੀ – 5 ਏਕੜ | 6,25,000/- | 127% |
| ਪੰਗਾਸ ਮੱਛੀ ਪਾਲਣ ਨਾਲ ਵਿਭਿੰਨਤਾ | | | |
| 0% | ਕਣਕ- ਝੋਨਾ – 5 ਏਕੜ | 2,75,000/- | - |
| 20% | ਕਣਕ- ਝੋਨਾ – 4 ਏਕੜ<br>ਪੰਗਾਸ ਮੱਛੀ – 1 ਏਕੜ | 4,70,000/- | 70% |
| 50% | ਕਣਕ- ਝੋਨਾ – 2.5 ਏਕੜ<br>ਪੰਗਾਸ ਮੱਛੀ – 2.5 ਏਕੜ | 7,62,500/- | 177% |
| 100% | ਪੰਗਾਸ ਮੱਛੀ – 5 ਏਕੜ | 12,50,000/- | 354% |




(ਡਾ. ਵਨੀਤਇੰਦਰ ਕੌਰ)

## ਝੋਟੀਆਂ/ਵਹਿੜਾਂ ’ਚ ਹੇਹਾ ਸ਼ੁਰੂ ਨਾ ਹੋਣਾ



ਝੋਟੀਆਂ/ਵਹਿੜਾਂ ਜਦੋਂ ਜਵਾਨ ਹੁੰਦੀਆਂ ਹਨ ਤਾਂ ਦਿਮਾਗ ਦੇ ਹਾਈਪੋਥੈਲਾਮਸ ਤੋਂ ਜੀ ਐਂਨ ਆਰ ਐੱਚ (GnRH) ਨਾਂ ਦਾ ਰਸਾਇਣ ਬਨਣਾ ਸੁਰੂ ਹੁੰਦਾ ਹੈ।ਇਹ ਰਸਾਇਣ ਦਿਮਾਗ ਦੇ ਇੱਕ ਹੋਰ ਹਿੱਸੇ ਯਾਨਿ ਪਿਚੂਟਰੀ ਦੇ ਅਗਲੇ ਹਿੱਸੇ ਤੋਂ ਐੱਫ ਐੱਸ ਐੱਚ (FSH) ਨਾਂ ਦਾ ਰਸਾਇਣ ਉਤਪੰਨ ਕਰਦਾ ਹੈ। ਇਹ ਰਸਾਇਣ ਖ਼ੂਨ ਰਾਹੀਂ ਅੰਡੇਦਾਨੀਆਂ ਤੱਕ ਪਹੁੰਚ ਜਾਂਦਾ ਹੈ। ਇਸਦੀ ਬਦੌਲਤ ਅੰਡੇਦਾਨੀਆਂ ’ਤੇ ਪਹਿਲਾਂ ਤੋਂ ਹੀ ਮੌਜ਼ੂਦ ਕੁਝ ਕੁ ਅੰਡੇ ਵੱਡੇ ਹੋਣੇ ਸ਼ੁਰੂ ਹੋ ਜਾਂਦੇ ਹਨ। ਇਹਨਾਂ ਵਿਚੋਂ ਇੱਕ ਅੰਡਾ ਬਾਕੀਆਂ ਤੋਂ ਜਿਆਦਾ ਵੱਡਾ ਹੋ ਜਾਂਦਾ ਹੈ। ਇਸ ਅੰਡੇ ਵਿਚੋਂ ਇਸਟ੍ਰੋਜਨ ਨਾਂ ਦਾ ਰਸਾਇਣ ਨਿਕਲਦਾ ਹੈ।

ਜਦੋਂ ਇਸਟ੍ਰਜਨ ਦੀ ਮਾਤਰਾ ਇੱਕ ਖਾਸ ਹੱਦ ਤੋਂ ਵੱਧ ਜਾਂਦੀ ਹੈ ਤਾਂ ਝੋਟੀਆਂ/ਵਹਿੜਾਂ ਹੇਹੇ ਦੀਆਂ ਨਿਸ਼ਾਨੀਆਂ ਦਰਸਾਉਣ ਲੱਗ ਪੈਂਦੀਆਂ ਹਨ। ਝੋਟੀਆਂ/ਵਹਿੜਾਂ ਦਾ ਜਵਾਨ ਹੋਣਾ ਉਮਰ ਤੇ ਨਹੀਂ ਬਲਕਿ ਉਹਨਾਂ ਦਾ ਵਜ਼ਨ ’ਤੇ ਨਿਰਭਰ ਕਰਦਾ ਹੈ। ਜਦੋਂ ਇਹਨਾਂ ਦਾ ਵਜ਼ਨ ਤਿੰਨ ਕਵਿੰਟਲ ਦੇ ਆਸ ਪਾਸ ਹੁੰਦਾ ਹੈ ਤਾਂ ਹੀ ਹਾਈਪੋਥੈਲਾਮਸ ਤੋਂ ਜੀ ਐਂਨ ਆਰ ਐੱਚ ਰਸਾਇਣ ਬਨਣਾ ਸ਼ੁਰੂ ਹੁੰਦਾ ਹੈ। ਇਹੀ ਕਾਰਣ ਹੈ ਕਿ ਕੱਟੀਆਂ/ਵੱਛੀਆਂ ਜਿਹਨਾਂ ਦੇ ਹਾਈਪੋਥੈਲਾਮਸ ਤੋਂ ਜੀ ਐਂਨ ਆਰ ਐੱਚ ਰਸਾਇਣ ਨਹੀਂ ਬਣਦਾ, ਉਹ ਹੇਹੇ ਵਿਚ ਨਹੀਂ ਆਉਂਦੀਆਂ।

ਕੁਝ ਕੁ ਪਸ਼ੂਆਂ ਵਿਚ ਅੰਡੇਦਾਨੀਆਂ ਬਿਲਕੁਲ ਹੀ ਗਾਇਬ ਹੁੰਦੀਆਂ ਹਨ (Ovarian aplasia) ਜਾਂ ਕਈ ਵਾਰੀ ਇਹ ਪੂਰੀ ਤਰ੍ਹਾਂ ਵਿਕਸਿਤ ਨਹੀ ਹੁੰਦੀਆਂ (Ovarian hypoplasia)। ਇਹ ਦੋਨੋ ਨੁਕਸ ਜੱਦੀ ਹਨ। ਦੋਨੋ ਹਾਲਤਾਂ ਵਿਚ ਝੋਟੀਆਂ/ਵਹਿੜਾਂ ਹੇਹੇ ਵਿਚ ਨਹੀਂ ਆ ਸਕਦੀਆਂ।

ਕਈ ਵਾਰੀ ਲਵੇਰੀਆਂ ਜੁੜਵੇਂ ਬੱਚੇ ਦੇ ਦਿੰਦੀਆਂ ਹਨ-ਇਕ ਨਰ ਅਤੇ ਦੂਜਾ ਮਾਦਾ। ਇਹਨਾਂ ਦੋਨੋ ਬੱਚਿਆਂ ਵਿਚੋਂ ਨਰ (ਕੱਟਾ/ਵੱਛਾ) ਤੇ ਬਿਲਕੁਲ ਠੀਕ ਹੁੰਦਾ ਹੈ ਪ੍ਰੰਤੂ ਮਾਦਾ (ਕੱਟੀ/ਵੱਛੀ) ਦੇ ਜਨਣ ਅੰਗ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦੇ। ਯੋਨੀ ਅਗਾਂਹ ਤੋਂ ਬੰਦ ਹੁੰਦੀ ਹੈ, ਬੱਚੇਦਾਨੀ ਬਹੁੱਤ ਹੀ ਛੋਟੀ ਅਤੇ ਰੱਸੀ ਵਰਗੀ ਬਣ ਜਾਂਦੀ ਹੈ। ਇਸੇ ਤਰ੍ਹਾਂ ਦੋਨੋ ਅੰਡੇਦਾਨੀਆਂ ਬਹੁੱਤ ਹੀ ਛੋਟੀਆਂ ਰਹਿ ਜਾਂਦੀਆਂ ਹਨ। ਅਜਿਹੇ ਪਸ਼ੂ ਕਦੇ ਵੀ ਹੇਹੇ ਵਿਚ ਨਹੀਂ ਆਉਂਦੇ।

ਖੁਰਾਕੀ ਤੱਤਾਂ ਦੀ ਘਾਟ ਕਾਰਣ ਵੀ ਕਈ ਵਾਰੀ ਜਵਾਨ ਝੋਟੀਆਂ/ਵਹਿੜਾਂ ’ਚ ਇਹ ਰਸਾਇਣ ਨਹੀਂ ਬਣਦੇ। ਇਸੇ ਕਰਕੇ ਉਹ ਵੀ ਹੇਹੇ ਵਿਚ ਨਹੀਂ ਆਉਂਦੀਆਂ।

ਪਸ਼ੂ-ਪਾਲਕ ਵੀਰੋ! ਝੋਟੀਆਂ/ਵਹਿੜਾਂ ਦਾ ਇਲਾਜ ਸ਼ੁਰੂ ਕਰਵਾਉਣ ਤੋਂ ਪਹਿਲਾਂ ਉੱਪਰ ਦੱਸੀਆਂ ਗੱਲਾਂ ਬਾਰੇ ਜ਼ਰੂਰ ਵਿਚਾਰ ਕਰੋ ਤਾਂ ਕਿ ਫਾਲਤੂ ਖਰਚੇ ਤੋਂ ਬਚਿਆ ਜਾ ਸਕੇ।

(ਡਾ. ਰਾਕੇਸ਼ ਕੁਮਾਰ ਸ਼ਰਮਾ)


# ਦੁੱਧ ਤੋਂ ਪਦਾਰਥ ਬਣਾਉ, ਖੁਸ਼ਹਾਲੀ ਲਿਆਉ

ਭਾਰਤ ਵਿੱਚ ਦੁੱਧ ਦੇ ਪਦਾਰਥਾਂ ਦੀ ਮੰਗ ਸਮੇਂ ਦੇ ਨਾਲ ਵੱਧ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਸ਼ਹਿਰੀਕਰਨ, ਖਾਣ-ਪੀਣ, ਰਹਿਣ-ਸਹਿਣ ਦੀਆਂ ਆਦਤਾਂ ਅਤੇ ਸਿਹਤ ਪ੍ਰਤੀ ਵਧਦੀ ਜਾਗਰੂਕਤਾ ਵਿੱਚ ਬਦਲਾਅ ਜਿਹੇ ਕਾਰਣਾਂ ਕਰਕੇ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੀ ਮੰਗ ਵਧੀ ਹੈ। ਦੁੱਧ ਉਤਪਾਦਕ ਆਪਣਾ ਪੂਰਾ ਧਿਆਨ ਦੁੱਧ ਪੈਦਾ ਕਰਨ ਤੇ ਹੀ ਕੇਂਦਰਿਤ ਕਰ ਦਿੰਦਾ ਹੈ। ਜਦਕਿ ਉਸਨੂੰ ਉਤਪਾਦਨ ਦੇ ਨਾਲ-ਨਾਲ ਦੁੱਧ ਦੀ ਪ੍ਰੋਸੈਸਿੰਗ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ, ਕਿਉਕਿ ਇਸ ਨਾਲ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦਾ ਹੈ।

## ਦੁੱਧ ਦੀ ਗੁਣਵੱਤਾ ਅਤੇ ਮੁੱਲ ਵਿੱਚ ਇਜ਼ਾਫਾ ਕਿਵੇਂ ਕੀਤਾ ਜਾਵੇ

ਦੁੱਧ ਦੀ ਪੌਸ਼ਟਿਕਤਾ ਵਧਾਕੇ, ਭੰਡਾਰਨ ਮਿਆਦ ਵਧਾਕੇ ਅਤੇ ਦੁੱਧ ਤੋਂ ਦੁੱਧ ਪਦਾਰਥ ਬਣਾਕੇ ਹੋਣ ਵਾਲੇ ਆਰਥਿਕ ਵਾਧੇ ਨੂੰ ਗੁਣਵੱਤਾ ਵਿੱਚ ਇਜ਼ਾਫਾ ਕਹਿੰਦੇ ਹਨ। ਦੁੱਧ ਤੋਂ ਆਰਥਿਕ ਮੁਨਾਫਾ ਵਧਾਉਣ ਲਈ ਦੁੱਧ ਨੂੰ ਕਈ ਕਿਸਮਾਂ ਵਿੱਚ ਪੈਕ ਕੀਤਾ ਜਾਂਦਾ ਹੈ ਅਤੇ ਦੁੱਧ ਤੋਂ ਕਈ ਕਿਸਮਾਂ ਦੇ ਉਤਪਾਦ ਬਣਾਏ ਜਾ ਸਕਦੇ ਹਨ ਜਿਵੇਂ ਕਿ ਪਾਸਚੁਰਾਈਜ਼ ਤਰਲ ਦੁੱਧ, ਸੁਗੰਧਿਤ ਦੁੱਧ, ਆਈਸਕਰੀਮ, ਦੁੱਧ ਦਾ ਪਾਊਡਰ, ਘਿਓ, ਮੱਖਣ, ਲੱਸੀ, ਮਿਲਕ ਕੇਕ ਅਤੇ ਹੋਰ ਮਠਿਆਈਆਂ ਆਦਿ। ਅੱਜ ਦੇ ਸਮੇਂ ਵਿੱਚ ਦੁੱਧ ਦੀ ਪ੍ਰੋਸੈਸਿੰਗ, ਪੈਕੇਜਿੰਗ ਤੇ ਦੁੱਧ ਤੋਂ ਵੱਖ-ਵੱਖ ਦੁੱਧ ਪਦਾਰਥ ਬਣਾਕੇ ਦੁੱਧ ਦੇ ਮੁੱਲ ਤੇ ਉਸਦੀ ਗੁਣਵੱਤਾ ਵਿੱਚ ਇਜ਼ਾਫਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਦੁੱਧ ਪਦਾਰਥਾਂ ਵਿੱਚ ਸਿਹਤ ਸੰਬੰਧੀ ਤੱਤ ਸ਼ਾਮਿਲ ਕਰਕੇ ਵੀ ਪੌਸ਼ਟਿਕ ਦੁੱਧ ਉਤਪਾਦ ਬਣਾਏ ਜਾ ਸਕਦੇ ਹਨ ਜਿਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਬਹੁਤ ਮੰਗ ਹੋ ਸਕਦੀ ਹੈ।

## ਦੁੱਧ ਤੋਂ ਦੁੱਧ ਉਤਪਾਦ ਬਣਾਉਣਾ











ਦੁੱਧ ਤੋਂ ਕਈ ਤਰ੍ਹਾਂ ਦੇ ਪਦਾਰਥ ਬਣਾਏ ਜਾ ਸਕਦੇ ਹਨ। ਕੁਝ ਪਦਾਰਥ ਤਾਂ ਇਸ ਤਰ੍ਹਾਂ ਦੇ ਹਨ, ਜਿਸ ਲਈ ਬਹੁਤ ਜ਼ਿਆਦਾ ਮਸ਼ੀਨੀਕਰਨ ਦੀ ਵੀ ਲੋੜ ਨਹੀਂ ਹੈ। ਹੁਣ ਸਮਾਂ ਹੈ ਕਿ ਅਸੀ ਆਪਣੀ ਸੋਚ ਨੂੰ ਬਦਲੀਏ ਅਤੇ ਇਹਨਾਂ ਪਦਾਰਥਾਂ ਦਾ ਵਪਾਰੀਕਰਣ ਕਰੀਏ। ਦੁੱਧ ਨੂੰ ਅਸਾਨੀ ਨਾਲ ਪਨੀਰ ਅਤੇ ਘਿਓ ਵਿੱਚ ਬਦਲਿਆ ਜਾ ਸਕਦਾ ਹੈ ਅਤੇ ਇਸਦੇ ਮੰਡੀਕਰਨ ਲਈ ਕਿਸਾਨ ਆਪਣੇ ਆਲੇ-ਦੁਆਲੇ ਸਕੂਲ, ਹਸਪਤਾਲ, ਵਿਆਹ ਸ਼ਾਦੀਆਂ ਦੇ ਮੌਕੇ ਅਤੇ ਹੋਟਲ ਵਿੱਚ ਕਰ ਸਕਦਾ ਹੈ। ਦੁੱਧ ਨੂੰ ਜੇਕਰ ਅਸੀਂ ਸਿੱਧੇ ਤੌਰ ਤੇ ਵੇਚਦੇ ਹਾਂ ਤਾਂ ਅਸੀ ਪ੍ਰਤੀ ਲਿਟਰ ਪਿੱਛੇ 1 ਰੁਪਏ ਤੋਂ ਲੈ ਕੇ 7 ਰੁਪਏ ਤੱਕ ਕਮਾ ਸਕਦੇ ਹਾਂ, ਪਰ ਜੇਕਰ ਅਸੀਂ ਉਸਨੂੰ ਪਦਾਰਥਾਂ ਵਿੱਚ ਬਦਲ ਦਿੰਦੇ ਹਾਂ ਤਾਂ ਇਸ ਮੁਨਾਫ਼ੇ ਵਿੱਚ 20-25 ਪ੍ਰਤੀਸ਼ਤ ਤੱਕ ਦਾ ਇਜ਼ਾਫਾ ਹੋ ਜਾਂਦਾ ਹੈ। ਇਸੇ ਤਰ੍ਹਾਂ ਦੁੱਧ ਤੋਂ ਹੋਰ ਵੀ ਕਈ ਪਦਾਰਥ ਬਣਾਏ ਜਾ ਸਕਦੇ ਹਨ, ਜਿਵੇਂ ਕਿ ਮਿਠਾਈਆਂ, ਸੁਗੰਧਿਤ ਦੁੱਧ, ਲੱਸੀ, ਮੱਖਣ ਅਤੇ ਦਹੀਂ ਆਦਿ।

(ਡਾ. ਇੰਦਰਪ੍ਰੀਤ ਕੌਰ)

## ਪਸ਼ੂ ਖੁਰਾਕ ਵਿੱਚ ਗੁੱਲੀ ਡੰਡੇ ਦੇ ਬੀਜ ਦੀ ਵਰਤੋਂ- ਸਸਤੀ ਖੁਰਾਕ ਬਣਾਉਣ ਦਾ ਸਾਧਨ

ਭਾਰਤ ਦਾ ਦੁੱਧ ਉਤਪਾਦਨ ਪੂਰੀ ਦੁਨੀਆ ਵਿੱਚ ਪਹਿਲੇ ਨੰਬਰ ਤੇ ਹੈ। ਸਾਡੇ ਦੇਸ਼ ਵਿੱਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਦੁੱਧ ਦੀ ਉਪਲੱਬਧਤਾ 406 ਗ੍ਰਾਮ ਹੈ। ਦੁੱਧ ਉਤਪਾਦਨ ਵਿੱਚ ਪਹਿਲੇ ਨੰਬਰ ਉੱਤੇ ਕਾਇਮ ਰਹਿਣ ਲਈ ਅਤੇ ਵੱਧਦੀ ਅਬਾਦੀ ਦੀਆਂ ਦੁੱਧ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਨੂੰ ਦੁੱਧ ਦਾ ਉਤਪਾਦਨ ਹੋਰ ਵਧਾਉਣਾ ਪਵੇਗਾ। ਇਸ ਲਈ ਸਾਨੂੰ ਪਸ਼ੂਆਂ ਨੂੰ ਸੰਤੁਲਿਤ ਖੁਰਾਕ ਦੇਣੀ ਪਵੇਗੀ।

ਪਰ ਅੱਜ ਸਾਡੇ ਦੇਸ਼ ਵਿੱਚ ਫੀਡ ਸਰੋਤਾਂ (ਵੰਡ, ਹਰੇ ਚਾਰੇ, ਸੁੱਕੇ ਚਾਰੇ) ਦੀ ਘਾਟ ਹੈ। ਲੋੜ ਅਤੇ ਘਾਟ ਦੇ ਇਸ ਪਾੜੇ ਨੂੰ ਪੂਰਾ ਕਰਨ ਲਈ ਸਾਨੂੰ ਨਵੇਂ ਗੈਰ- ਰਵਾਇਤੀ ਫੀਡ ਸਰੋਤ ਲੱਬਣੇ ਪੈਣਗੇ। ਗੁੱਲੀ ਡੰਡੇ ਦਾ ਬੀਜ ਵੀ ਇੱਕ ਅਜਿਹਾ ਫੀਡ ਸਰੋਤ ਹੈ। ਇਹ ਕਣਕ ਦੇ ਖੇਤਾਂ ਵਿੱਚ ਤੇਜ਼ੀ ਨਾਲ ਫੇਲਣ ਵਾਲਾ ਇੱਕ ਨਦੀਨ ਹੈ। ਇਸਦੇ ਖਾਤਮੇ ਲਈ ਕਈ ਨਦੀਨ ਨਾਸ਼ਕ ਵਰਤੇ ਜਾਂਸਦੇ ਹਨ ਪਰ ਫਿਰ ਵੀ ਇਹ ਪੂਰੀ ਤਰ੍ਹਾਂ ਖਤਮ ਨਹੀਂ ਹੁੰਦਾ।


ਕਣਕ ਦੀ ਵਾਢੀ ਸਮੇਂ ਗੁੱਲੀ ਡੰਡੇ ਦੇ ਬੀਜ ਬਜਾਰ ਵਿੱਚ ਕਾਫੀ ਮਾਤਰਾ ਵਿੱਚ ਉਪਲੱਬਧ ਹੁੰਦੇ ਹਨ। ਗੁੱਲੀ ਡੰਡੇ ਵਿੱਚ ਕਈ ਚਿਕਿਤਸਕ ਗੁਣ ਹਨ। ਇਸ ਨਦੀਨ ਦਾ ਤਾਜ਼ਾ ਲੇਪ ਝੜਦੇ ਵਾਲਾਂ ਲਈ ਇੱਕ ਵਰਦਾਨ ਹੈ।ਇਹ ਨਦੀਨ ਪੇਟ ਦੇ ਕੀੜਿਆਂ ਨੂੰ ਮਾਰ ਦਿੰਦਾ ਹੈ ਅਤੇ ਚਮੜੀ ਦੇ ਰੋਗਾਂ ਜਿਵੇਂ ਰਿੰਗਵਾਰਮ ਦੇ ਲਈ ਇਸਦੀ ਰਾਖ ਬਹੁਤ ਲਾਭਦਾਇਕ ਹੈ। ਇਹ ਪਸ਼ੂ ਦੀ ਬਿਮਾਰਿਆਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ।

ਪਸ਼ੂਆਂ ਨੂੰ ਤਾਜ਼ਾ ਨਦੀਨ ਨਹੀਂ ਖੁਆਇਆ ਜਾ ਸਕਦਾ ਕਿਉਂਕਿ ਇਸ ਵਿੱਚ ਡਾਇਮਿਥਾਇਲ ਟ੍ਰਿਪਾਮੀਨ ਨਾਂ ਦੇ ਐਲਕੇਲਾਇਡ ਹੁੰਦੇ ਹਨ ਜੋ ਪਸ਼ੂ ਦੀ ਸਿਹਤ ਅਤੇ ਦੁੱਧ ਉੱਤਪਾਦਨ ਲਈ ਹਾਨੀਕਾਰਕ ਬਾਬਤ ਹੋ ਸਕਦੇ ਹਨ। ਪਰ ਗੁੱਲੀ ਡੰਡੇ ਦੇ ਬੀਜ ਵਿੱਚ ਇਜ ਐਲਕਲਾਇਡ ਨਹੀ ਪਾਏ ਜਾਂਦੇ।ਜੇ ਗੁੱਲੀ ਡੰਡੇ ਦੇ ਬੀਜਾਂ ਦੀ ਰਸਾਇਣਿਕਬਣਤਰ ਦੀ ਗੱਲ ਕਰੀਏ ਤਾਂ ਇਹਨਾਂ ਵਿੱਚ 90 ਪ੍ਰਤੀਸ਼ਤ ਸੁੱਕਾ ਮਾਦਾ, 11 ਪ੍ਰਤੀਸ਼ਤ ਕੱਚੀ ਪ੍ਰੋਟੀਨ, 6 ਪ੍ਰਤੀਸ਼ਤ ਫੈਟ, 25 ਪ੍ਰਤੀਸ਼ਤ ਐਨ ਡੀ ਐਫ ( ਸਮ ਰੋਧੀ ਰੇਸ਼ਾ) ਅਤੇ ਲਗਭਗ 50 ਪ੍ਰਤੀਸ਼ਤ ਸਟਾਰਚ ਹੁੰਦੀ ਹੈ। ਗੁੱਲੀ ਡੰਡੇ ਦੇ ਬੀਜਾਂ ਵਿੱਚ ਪ੍ਰੋਟੀਨ ਦੀ ਮਾਤਰਾ ਕਣਕ ਦੀ ਪ੍ਰੋਟੀਨ ਦੇ ਲਗਭਗ ਬਰਾਬਰ ਅਤੇ ਮੱਕੀ ਤੋਂ ਵੱਧ ਹੁੰਦੀ ਹੈ। ਇਹਨਾਂ ਬੀਜਾਂ ਵਿੱਚ ਕੁੱਲ ਰਾਖ ਦੀ ਮਾਤਰਾ ਕਣਕ ਅਤੇ ਮੱਕੀ ਤੋਂ ਵੱਧ ਅਤੇ ਜੈਵਿਕ ਪਦਾਰਥ ਘੱਟ ਹੁੰਦਾ ਹੈ।

ਪਸ਼ੂ ਖੁਰਾਕ ਵਿੱਚ ਗੁੱਲੀ ਡੰਡੇ ਦੇ ਬੀਜਾਂ ਦੀ ਵਰਤੋਂ ਦੀ ਪਰਖ ਲਈ ਪ੍ਰਯੋਗਸ਼ਾਲਾ ਵਿੱਚ ਇੱਕ ਦਣਾ ਮਿਸ਼ਰਣ/ਵੰਡ ਤਿਆਰ ਕੀਤਾ ਗਿਆ ਹੈ। ਇਸ ਵੰਡ ਵਿੱਚ ਕਣਕ 30 ਪ੍ਰਤੀਸ਼ਤ , ਸਰੋਂ ਦੀ ਖੱਲ੍ਹ, 15 ਪ੍ਰਤੀਸ਼ਤ, ਬਿਨਾ ਤੇਲ ਸਰੋਂ ਦੀ ਖੱਲ 15 ਪ੍ਰਤੀਸ਼ਤ, ਚੌਲਾਂ ਦੀ ਪਾਲਿਸ਼ 15 ਪ੍ਰਤੀਸ਼ਤ ਅਤੇ ਨਮਕ 1 ਪ੍ਰਤੀਸ਼ਤ ਮਿਲਾਇਆ ਗਿਆ।

ਪ੍ਰਯੋਗਸ਼ਾਲਾ ਵਿੱਚ ਕੀਤੇ ਤਜ਼ਰਬਿਆਂ ( ਇਨ-ਵਿਟ੍ਰੋ ਅਤੇ ਇਨ-ਸੈਕੋ) ਤੋਂ ਇਹ ਪਤਾ ਲੱਗਾ ਕਿ ਜੇ ਕਣਕ/ਮੱਕੀ ਦੇ ਬਦਲ ਵੱਜੋਂ 75 ਪ੍ਰਤੀਸ਼ਤ ਗੁੱਲੀ ਡੰਡੇ ਦੇ ਬੀਜ ਵੰਡ ਵਿੱਚ ਪਾਏ ਜਾਣ ਤਾਂ ਇਹਨਾਂ ਦਾ ਖੁਰਾਕ ਵਿੱਣਲੇ ਜੈਵਿਕ ਪਦਾਰਥ ਦੀ ਪਚਾਕਤਾ ਅਤੇ ਰੇਸ਼ੇ ਦੀ ਪਚਾਕਤਾ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ। ਪਰ ਜੇ ਮੱਕੀ/ਕਣਕ ਨੂੰ ਵੰਡ ਵਿੱਚ 100 ਪ੍ਰਤੀਸ਼ਤ ਤੱਕ ਗੁੱਲੀ ਡੰਡੇ ਦੇ ਬੀਜਾਂ ਨਾਲ ਬਦਲ ਦਿੱਤਾ ਜਾਵੇ ਤਾਂ ਵੰਡ ਵਿਚਲੇ ਤੱਤਾਂ ਦੀ ਪਾਚਕਤਾ ਵਿੱਚ ਕਮੀ ਆ ਜਾਂਦੀ ਹੈ।


ਕਣਕ ਦੇ ਖੇਤਾਂ ਵਿੱਚ ਗੁੱਲੀ ਡੰਡੇ ਦਾ ਨਦੀਨ


ਗੁੱਲੀ ਡੰਡੇ ਦੇ ਬੀਜ

ਪ੍ਰਯੋਗਸ਼ਾਲਾ ਵਿੱਚ ਕੀਤੇ ਗਏ ਇਨ-ਵਿਟ੍ਰੋ ਤਜ਼ਰਬਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਗੁੱਲੀ ਡੰਡੇ ਦੇ ਬੀਜ ਦੀ ਪਰਖ ਮੱਝਾਂ ਵਿੱਚ ਕੀਤੀ ਗਈ । 16 ਪਸ਼ੂਆਂ ਨੂੰ ਚਾਰ ਗਰੁੱਪਾਂ ਵਿੱਚ ਵੰਡਿਆ ਗਿਆ। ਉਹਨਾਂ ਨੂੰ ਇੱਕੋ ਜਿਹੀ ਪ੍ਰੋਟੀਨ ਵਾਲਾ ਵੰਡ ਦਿੱਤਾ ਗਿਆ ਜਿਸ ਵਿੱਚ 0,25,50 ਅਤੇ 75 ਪ੍ਰਤੀਸ਼ਤ ਤੱਕ ਕਣਕ ਨੂੰ ਗੁੱਲੀ ਡੰਡੇ ਦੇ ਬੀਜਾਂ ਨਾਲ ਬਦਲੀਆ ਗਿਆ ਸੀ। ਇਸ ਵੰਡ ਦੇ ਨਾਲ ਨਾਲ ਪਸ਼ੂਆਂ ਦੀਆਂ ਖੁਰਾਕੀ ਲੋੜਾਂ ਨੂੰ ਪੂਰਾ ਕਰਨ ਲਈ ਯੂਰੀਏ ਨਾਲ ਸੋਧੀ ਤੂੜੀ ਅਤੇ ਹਰਾ ਚਾਰਾ ਵੀ ਦਿੱਤਾ ਗਿਆ ਹੈ। ਇਸ ਤਜ਼ਰਬੇ ਤੋਂ ਇਹ ਗੱਲ ਸਾਹਮਣੇ ਆਈ ਕਿ ਗੁੱਲੀ ਡੰਡੇ ਦੇ ਬੀਜ ਵੰਡ ਵਿੱਚ 75 ਪ੍ਰਤੀਸ਼ਤ ਤੱਕ ਕਣਕ ਦੇ ਬਦਲ ਵੱਜੋਂ ਵਰਤਣ ਨਾਲ ਰਾਸ਼ਨ ਦੀ ਸਵਾਦਿਸ਼ਟਤਾ, ਪੋਸ਼ਕ ਤੱਤਾਂ ਦੀ ਪਾਚਕਤਾ ਅਤੇ ਉਝਰੀ ਵਿੱਚ ਹੋਣ ਵਾਲੇ ਜੈਵ ਰਸਾਇਣਿਕ ਬਦਲਾਵਾਂ ਉੱਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ।

ਇਸੇ ਤਰ੍ਹਾਂ ਦੋਗਲੀਆਂ ਗਾਵਾਂ ਦੇ ਆਹਾਰ ਵਿੱਚ ਵੀ ਗੁੱਲੀ ਡੰਡੇ ਦੇ ਬੀਜ ਵੰਡ ਵਿੱਚ 75 ਪ੍ਰਦੀਸ਼ਤ ਤੱਕ ਮੱਕੀ ਦੇ ਬਦਲ ਦੇ ਤੌਰ ਤੇ ਵਰਤੇ ਜਾ ਸਕਦੇ ਹਨ। ਇਹਨਾਂ ਦਾ ਪਸ਼ੂਆਂ ਦੇ ਸਰੀਰਕ ਵਜਨ, ਪੋਸ਼ਕ ਤੱਤਾਂ ਦੀ ਪ੍ਰਭਾਵ ਨਹੀਂ ਪੈਂਦਾ। ਖੁਰਾਕ ਵਿੱਚ ਇਹਨਾਂ ਬੀਝਾਂ ਦੀ ਵਰਤੋਂ ਦਾ ਪਸ਼ੂਆਂ ਦੇ ਦੁੱਧ ਉੱਤਪਾਦਨ ਅਤੇ ਦੁੱਧ ਦੀ ਰਚਨਾ ( ਫੇਟ, ਪ੍ਰੋਟੀਨ, ਲੈਕਟੋਸ ਅਤੇ ਐਸ ਐਫ) ਉੱਤੇ ਵੀ ਕੋਈ ਮਾਣਾ ਪ੍ਰਭਾਵ ਨਹੀਂ ਪੈਂਦਾ। ਪਸ਼ੂਆਂ ਦੀ ਸਿਹਤ ਅਤੇ ਖੁਨ ਵਿੱਚਲੇ ਗਲੂਕੋਜ਼, ਬਲੱਡ ਯੂਰੀਆ ਅਤੇ ਰੋਗਾਂ ਨਾਲ ਲੜਨ ਦੀ ਸ਼ਕਤੀ ਉੱਤੇ ਵੀ ਗੁੱਲੀ ਡੰਡੇ ਦੇ ਬੀਜਾਂ ਦਾ ਕੋਈ ਬੁਰਾ ਅਸਰ ਨਹੀਂ ਵੇਖਿਆ ਗਿਆ।

ਕਣਕ ਦੀ ਵਾਡੀ ਸਮੇਂ ਗੁੱਲੀ ਡੰਡੇ ਦੇ ਬੀਜ ਬਜਾਰ ਵਿੱਚ ਸਸਤੀ ਕੀਮਤ ਉੱਤੇ ਉਪਲੱਬਧ ਹੁੰਦੇ ਹਨ। ਇਸ ਵੇਲੇ ਪਸ਼ੂ ਪਾਲਕ ਵੰਡ ਵਿੱਚ ਰਵਾਇਤੀ ਅਨਾਜ (ਮੱਕੀ/ਕਣਕ) ਨੂੰ 75 ਪ੍ਰਤੀਸ਼ਤ ਤੱਕ ਬਿਨਾਂ ਕਿਸੇ ਨੁਕਸਾਨ ਦੇ ਗੁੱਲੀ ਡੰਡੇ ਦੇ ਬੀਜਾਂ ਨਾਲ ਬਦਲ ਸਕਦੇ ਹਨ। ਇਹਨਾਂ ਦੀ ਖੁਰਾਕ ਵਿੱਚ ਵਰਤੋਂ ਤੋਂ ਪਹਿਲੇ ਬੀਜਾਂ ਨੂੰ ਪੀਹ ਕੇ ਆਟਾ ਬਣਾ ਲੈਣਾ ਚਾਹੀਦਾ ਹੈ। ਗੁੱਲੀ ਡੰਡੇ ਦੇ ਬੀਜਾਂ ਦੀ ਖੁਰਾਕ ਵਿੱਚ ਵਰਤੋਂ ਕਰਨ ਨਾਲ ਖੁਰਾਕ ਉੱਤੇ ਆਉਣ ਵਾਲੇ ਖਰਚੇ ਵਿੱਚ ਕਟੋਤੀ ਕੀਤੀ ਜਾ ਸਕਦੀ ਹੈ।ਅੰਤ ਵਿੱਚ ਅਸੀਂ ਕਿਹ ਸਕਦੇ ਹਾਂ ਕਿ ਦੁਧਾਰੂ ਪਸ਼ੂਆਂ ਦੇ ਵੰਡ ਵਿਚ 75 ਪ੍ਰਤੀਸ਼ਤ ਤੱਕ ਗੁੱਲੀ ਡੰਡੇ ਦੇ ਬੀਜ, ਅਨਾਜ ਜਿਵੇਂ ਕਿ ਮੱਕੀ, ਕਣਕ ਆਦਿ ਦੇ ਬਦਲ ਦੇ ਰੂਪ ਵਿੱਚ ਬਿਨਾਂ ਕਿਸੇ ਨੁਕਸਾਨ ਦੇ ਵਰਤੇ ਜਾ ਸਕਦੇ ਹਨ।

(ਡਾ. ਜੈਸਮੀਨ ਕੌਰ)

## ਹਰੇ -ਪੀਲੇ - ਗੁਲਾਬੀ ਚੂਚੇ





ਮੈਂ ਘਰੋ ਬਜਾਰ ਜਾਣ ਲਈ ਨਿਕਲਿਆ ਹੀ ਸੀ ਕਿ ਇੱਕ ਚੂਚੇ ਵੇਚਣ ਵਾਲਾ ਮਿਲ ਪਿਆ, ਜਿਸ ਨੇ ਮੋਟਰਸਾਇਕਲ ਦੇ ਮਗਰ ਬੰਨੀ ਟੋਕਰੀ ਵਿੱਚ ਰੰਗਦਾਰ ਚੂਚੇ ਰੱਖੇ ਹੋਏ ਸਨ। ਚੂਚੇ ਦੇਖਣ ਨੂੰ ਬਹੁਤ ਸੋਹਣੇ ਤੇ ਆਕਰਸ਼ਿਕ ਸਨ ਬਦੋ-ਬਦੀ ਖਰੀਦਣ ਨੂੰ ਮਨ ਲਲਚਾ ਜਾਦਾਂ ਹੈ। ਮੈਂ ਉਸ ਨੂੰ ਰੋਕ ਕੇ ਪੁੱਛਣ ਲੱਗ ਪਿਆ ਕਿ ਚੂਚੇ ਕਿਥੋਂ ਆਉਂਦੇ ਨੇ, ਕਿੰਨੇ ਦੇ ਹਨ, ਕਿਵੇਂ ਰੰਗੇ ਹਨ ਆਦਿ ਆਦਿ।

ਉਸ ਸ਼ਖਸ ਨੇ ਦੱਸਿਆ ਕਿ ਇਹ ਚੂਚੇ ਉਹਨਾਂ ਨੂੰ ਚੰਡੀਗੜ ਤੋਂ ਆਓਦੇ ਹਨ ਤੇ ਉਹ ਕਿਵੇਂ ਇਹਨਾਂ ਨੂੰ ਰੰਗਦੇ ਹਨ ਇਸ ਬਾਰੇ ਉਸ ਨੂੰ ਨਹੀਂ ਪਤਾ। ਰੇਟ ਪੁੱਛਣ ਤੇ ਉਸ ਨੇ ਦੱਸਿਆ ਕਿ ਉਸ ਨੂੰ ਲੱਗਭੱਗ 4-5 ਰੁਪਏ ਦਾ ਚੂਚਾ ਮਿਲਦਾ ਹੈ ਤੇ ਅੱਗੇ ਉਗ ਇੱਕ ਚੂਚਾ 10-15 ਰੁਪਏ ਦਾ ਵੇਚ ਦਿੰਦੇ ਹਨ, ਤੇ ਇੱਕ ਦਿਨ ਵਿੱਚ ਉਹ ਲੱਗਭੱਗ 150-200 ਚੂਚੇ ਤੱਕ ਵੇਚ ਦਿੰਦਾ ਹੈ।

ਦੋਸਤੋ, ਚੂਚੇ ਦੀ ਅਸਲੀ ਰੰਗਤ ਉਸ ਦੀ ਨਸਲ ਅਨੁਸਾਰ ਹੁੰਦੀ ਹੈ, ਜਿਸ ਵਿੱਚ ਆਮ ਕਰਕੇ ਜੋ ਆਪਾਂ ਦੇਸੀ ਮੁਰਗੇ ਮੁਰਗੀਆਂ ਦੇ ਰੰਗ ਦੇਖਦੇ ਹਾਂ ਉਹੀ ਹੁੰਦੇ ਹਨ ਭੂਰਾ,ਲਾਲ, ਕਾਲਾ, ਮਿਕਸ ਆਦਿ।ਉਪਰੋਕਤ ਰੰਗਤਦਾਰ ਚੂਚਿਆ ਨੂੰ ਆਂਡੇ ਵਿੱਚੋ ਨਿਕਲਣ ਤੇ ਬਾਅਦ ਰੰਗਾਂ ਦੀ ਮਦਦ ਨਾਲ ਬਣਾਉਟੀ ਰੰਗਤ ਦਿੱਤੀ ਜਾਂਦੀ ਹੈ। ਇਹ ਰੰਗਤ ਹਫਤਾ-10 ਦਿਨ ਹੀ ਰੀਹੰਦੀ ਹੈ, ਫਿਰ ਚੂਚਾ ਆਪਣੀ ਕੁਦਰਤੀ ਰੰਗਤ ਵਿੱਚ ਆ ਜਾਂਦਾ ਹੈ। ਦੋਸਤੋ, ਇੱਕ ਦਿਨ ਦੇ ਚੂਚੇ ਨੂੰ ਰੰਗਾਂ ਨਾਲ ਰੰਗਣਾ ਕੋਈ ਸਹੀ ਗੱਲ ਨਹੀ ਹੈ, ਕਿਉਂਕਿ ਇਹ ਰੰਗ ਜਾਂ ਰੰਗ ਵਿਚਲਾ ਰਸਾਇਣ ਚੂਚੇ ਦੇ ਸਰੀਰ ਵਿੱਚ ਸਮਾ ਸਕਦਾ ਹੈ। ਇਸ ਦਾ ਚੂਚੇ ਜਾਂ ਬਾਅਦ ਵਿੱਚ ਇਸ ਦੇ ਮੀਟ ਉਤੇ ਦੁਸ਼ਟ ਪ੍ਰਭਾਵ ਹੋ ਸਕਦਾ ਹੈ।

(ਡਾ. ਜਸਵਿੰਦਰ ਸਿੰਘ)

## ਜੂਨ ਮਹੀਨੇ ਵਿੱਚ ਮਨਾਇਆ ਜਾਵੇਗਾ ਵਿਸ਼ਵ ਦੁੱਧ ਦਿਵਸ

ਜੂਨ ਮਹੀਨੇ ਦੀ ਪਹਿਲੀ ਤਰੀਕ ਨੂੰ ਸੰਸਾਰ ਭਰ ਵਿੱਚ ਵਿਸ਼ਵ ਦੁੱਧ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਸੰਨ 2001 ਵਿੱਚ ਪਹਿਲੀ ਵਾਰ ਭੋਜਨ ਅਤੇ ਖੇਤੀਬਾੜੀ ਸੰਗਠਨ (ਫ਼ੂਡ ਐਂਡ ਐਗਰੀਕਲਚਰ ਔਰਗੇਨਾਈਜ਼ੇਸ਼ਨ) ਨੇ ਇਸ ਦਿਵਸ ਨੂੰ ਸਾਲਾਨਾ ਮਨਾਉਣ ਦਾ ਸੱਦਾ ਦਿੱਤਾ ਸੀ। ਪਸ਼ੂ ਪਾਲਣ ਉਦਯੋਗ ਦੇ ਹਰ ਪਦਾਰਥਾਂ ਦੀ ਤਰ੍ਹਾਂ ਦੁੱਧ ਵੀ ਸੰਸਾਰ ਭਰ ਵਿੱਚ ਖ਼ੁਰਾਕ ਦਾ ਮਹੱਤਵਪੂਰਨ ਹਿੱਸਾ ਹੈ। ਵਿਸ਼ਵ ਦੁੱਧ ਦਿਵਸ ਰਾਹੀਂ ਹਰ ਸਾਲ ਦੁੱਧ ਉਤਪਾਦਨ ਅਤੇ ਇਸ ਨਾਲ ਜੁੜੇ ਉਦਯੋਗ ਦੀਆਂ ਗਤੀਵਿਧੀਆਂ ਬਾਰੇ ਜਾਗਰੁਕਤਾ ਪੈਦਾ ਕੀਤੀ ਜਾਂਦੀ ਹੈ।

(ਡਾ. ਅਰੁਨਬੀਰ ਸਿੰਘ)

## ਮਈ- ਜੂਨ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਇਸ ਸਾਲ ਗਰਮੀਆਂ ਦੇ ਦੌਰਾਨ ਤਾਪਮਾਨ ਆਮ ਨਾਲੋਂ ਜ਼ਿਆਦਾ ਹੈ। ਗਰਮੀ ਦੇ ਕਾਰਨ ਪਸ਼ੂ ਪੰਛੀ ਦਬਾਅ ਵਿੱਚ ਆ ਸਕਦੇ ਹਨ, ਖਾਸ ਤੌਰ 'ਤੇ ਜ਼ਿਆਦਾ ਪੈਦਾਵਾਰ ਵਾਲੀਆਂ ਮੱਝਾਂ ਅਤੇ ਗਾਵਾਂ। ਗਰਮੀ ਦੇ ਪ੍ਰਭਾਵ ਨੂੰ ਮੁੱਖ ਰੱਖਦੇ ਹੋਏ ਪਸ਼ੂਆਂ ਨੂੰ ਠੰਡੇ ਵੇਲੇ ਖੁਰਾਕ ਪਾਉ ਅਤੇ ਹਰ ਵੇਲੇ ਤਾਜ਼ੇ ਅਤੇ ਠੰਡੇ ਪਾਣੀ ਦਾ ਪ੍ਰਬੰਧ ਕਰੋ। ਸ਼ੈੱਡ ਦੀ ਸਫ਼ਾਈ ਦਾ ਖਾਸ ਖਿਆਲ ਰੱਖੋ।

### ਡੇਅਰੀ ਫ਼ਾਰਮਿੰਗ

ਗਰਮੀ ਦਾ ਅਸਰ ਘਟਾਉਣ ਲਈ ਪਸ਼ੂਆਂ ਨੂੰ ਦਿਨ ਵਿੱਚ ਦੋ ਵਾਰ ਨਵ੍ਹਾਉ।

ਬਹਾਰ ਰੁੱਤ ਦੀ ਮੱਕੀ ਨੂੰ ਵੱਢ ਕੇ ਅਚਾਰ ਬਣਾਉਣ ਦਾ ਯੋਗ ਸਮਾਂ ਹੈ।

ਕੱਟਰੂਆਂ/ ਵੱਛੜੂਆਂ ਨੂੰ ਗੋਹੇ ਦੀ ਜਾਂਚ ਦੇ ਅਧਾਰ 'ਤੇ ਕਿਰਮ ਰਹਿਤ ਕਰੋ।

ਜੂਨ ਮਹੀਨੇ ਵਿੱਚ ਪਸ਼ੂਆਂ ਨੂੰ ਮੂੰਹ-ਖੁਰ ਅਤੇ ਗਲਘੋਟੂ ਤੋਂ ਬਚਾਅ ਲਈ ਟੀਕੇ ਲਗਵਾਉ।

### ਬੱਕਰੀ ਪਾਲਣ

ਤਿੰਨ ਮਹੀਨੇ ਦੀ ਉਮਰ ਦੇ ਛਲਾਰੂਆਂ ਵਿੱਚੋਂ ਸੰਭਾਵਿਤ ਬੋਕ ਲਈ ਚੋਣ ਕੀਤੀ ਜਾ ਸਕਦੀ ਹੈ।

ਖੱਸੀ ਕਰਨ ਤੋਂ ਪਹਿਲਾਂ ਛਲਾਰੂਆਂ ਨੂੰ ਟੈਟਨਸ ਤੋਂ ਬਚਾਅ ਲਈ ਟੀਕਾ ਲਗਵਾ ਲਉ।

ਸਾਰੇ ਜਾਨਵਰਾਂ ਨੂੰ ਸਮੇਂ ਸਮੇਂ 'ਤੇ ਤਾਜ਼ਾ ਪਾਣੀ ਦਿੰਦੇ ਰਹੋ। ਖੁਰਾਕ ਦੇ ਨਾਲ ਨਮਕ ਅਤੇ ਧਾਤਾਂ ਦਾ ਚੂਰਾ ਵੀ ਪਾਉਂਦੇ ਰਹੋ।

### ਮੁਰਗੀ ਪਾਲਣ

ਸ਼ੈੱਡ ਦੇ ਅੰਦਰ ਤਾਪਮਾਨ 35 ਡਿਗਰੀ ਸੈਲਸੀਅਸ ਦੇ ਆਸ ਪਾਸ ਰਹਿਣਾ ਚਾਹੀਦਾ ਹੈ।

ਗਰਮੀ ਘਟਾਉਣ ਲਈ ਕੂਲਰ ਦੀ ਵਰਤੋਂ ਜਾਂ ਪਾਣੀ ਦਾ ਛਿੜਕਾਅ ਕਰੋ।

ਪਾਣੀ ਵਿੱਚ ਵਿਟਾਮਿਨ ਸੀ ਮਿਲਾਈ ਜਾ ਸਕਦੀ ਹੈ।

### ਸੂਰ ਪਾਲਣ

ਸ਼ੈੱਡ ਦੇ ਅੰਦਰ ਸਫ਼ਾਈ ਅਤੇ ਬਾਇਉਸਕਿਉਰਿਟੀ ਦਾ ਯੋਗ ਪ੍ਰਬੰਧ ਕਰੋ।

ਗਰਮੀਆਂ ਵਿੱਚ ਹੋਟਲਾਂ ਦੀ ਰਹਿੰਦ ਖੂੰਹਦ ਨੂੰ ਸੂਰਾਂ ਦੀ ਖੁਰਾਕ ਵਿੱਚ ਵਰਤੋਂ ਕਰਨ ਤੋਂ ਪਰਹੇਜ਼ ਕਰੋ।

### ਮੱਛੀ ਪਾਲਣ

ਤਲਾਅ ਵਿੱਚ ਪਾਣੀ ਦਾ ਲੈਵਲ (ਡੂੰਘਾਈ) 5-6 ਫ਼ੁੱਟ ਰੱਖੋ।

ਅਪ੍ਰੈਲ ਮਹੀਨੇ ਅਨੁਸਾਰ ਖੁਰਾਕ, ਖਾਦ ਅਤੇ ਚੂਨਾ ਪਾਉਂਦੇ ਰਹੋ।

ਤਲਾਅ ਦੇ 10-20 ਫ਼ੀਸਦੀ ਪਾਣੀ ਦੀ ਬਦਲੀ ਕਰੋ।

ਤਾਜ਼ਾ ਪਾਣੀ ਛੱਡਣ ਜਾਂ ਏਰੇਸ਼ਨ ਦਾ ਕੰਮ ਸਵੇਰੇ ਕਰੋ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ, ਡਾ. ਵਨੀਤਇੰਦਰ ਕੌਰ)